ਨਿਊਜ਼ ਰਿਲੀਜ਼

# ਐਲਬਰਟਾ ਦੇ ਸਰਵੋਤਮ ਵਿਅਕਤੀਆਂ ਨੂੰ ਸੂਬੇ ਦਾ ਸਰਵਉੱਚ ਸਨਮਾਨ ਪ੍ਰਾਪਤ

19 ਅਕਤੂਬਰ 2023 ਮੀਡੀਆ ਇੰਕੁਆਰੀਆਂ

## ਐਲਬਰਟਾ ਦੇ ਅੱਠ ਵਿਲੱਖਣ ਨਿਵਾਸੀਆਂ ਨੂੰ ਐਲਬਰਟਾ ਆਰਡਰ ਆਫ਼ ਐਕਸਿਲੈਂਸ ਨਾਲ ਮਾਨਤਾ ਦਿੱਤ ਜਾ ਰਹੀ ਅਤੇ ਜਸ਼ਨ ਮਨਾਏ ਜਾ ਰਹੇ ਹਨ।

"ਐਲਬਰਟਾ ਆਰਡਰ ਆਫ਼ ਐਕਸਿਲੈਂਸ ਸਾਡੇ ਵਿੱਚੋਂ ਉਨ੍ਹਾਂ ਲੋਕਾਂ ਦੇ ਜਸ਼ਨ ਮਨਾਉਣ ਦਾ ਇੱਕ ਮੌਕਾ ਹੈ ਜੋ ਸਾਡੇ ਸੂਬੇ ਨੂੰ ਅੱਗੇ ਵਧਾਉਣ ਲਈ ਇੱਕ ਮੋਹਰੀ ਭਾਵਨਾ ਅਤੇ ਸੱਚੀ ਵਚਨਬੱਧਤਾ ਵਿਖਾਉਂਦੇ ਹਨ। ਇਨ੍ਹਾਂ ਵਿਅਕਤੀਆਂ ਦਾ ਮੈਂਬਰਜ਼ ਆਫ ਦਿ ਆਰਡਰ ਵਜੋਂ ਸਵਾਗਤ ਕਰਨਾ ਖੁਸ਼ੀ ਦੀ ਗੱਲ ਹੈ।"

*ਲੈਫਟੀਨੈਂਟ-ਗਵਰਨਰ Salma Lakhani*

ਇਸ ਸਾਲ ਦੇ ਸ਼ਮੂਲੀਅਤਕਾਰਾਂ ਨਾਲ ਪਿਛਲੇ 44 ਸਾਲਾਂ ਦੌਰਾਨ ਐਲਬਰਟਾ ਆਰਡਰ ਆਫ਼ ਐਕਸਿਲੈਂਸ ਦੀ ਕੁੱਲ ਮੈਂਬਰਸ਼ਿਪ 212 ਤੱਕ ਪਹੁੰਚ ਜਾਂਦੀ ਹੈ। 1979 ਵਿੱਚ ਸਥਾਪਿਤ, ਐਲਬਰਟਾ ਆਰਡਰ ਆਫ ਐਕਸਿਲੈਂਸ ਸੂਬੇ ਦਾ ਸਰਵਉੱਚ ਸਨਮਾਨ ਹੈ ਅਤੇ ਇਹ ਕੈਨੇਡੀਅਨ ਆਨਰਜ਼ ਸਿਸਟਮ ਦਾ ਆਫੀਸ਼ੀਅਲ ਭਾਗ ਹੈ।

ਐਲਬਰਟਾ ਆਰਡਰ ਆਫ਼ ਐਕਸਿਲੈਂਸ ਦੇ ਨਵੇਂ ਮੈਂਬਰ ਹਨ:

- ਐਡਮੰਟਨ ਦੇ **ਜਿਮ ਕਾਰਟਰ** ਕੈਨੇਡਾ ਦੇ ਆਇਲ ਸੈਂਡਜ਼ ਖੇਤਰ ਵਿੱਚ ਇੱਕ ਵੱਡਾ ਨਾਂ ਹੈ ਅਤੇ ਉਹ ਟਿਕਾਊ ਕਿਸਮ ਦੇ ਵਿਕਾਸ ਵਿੱਚ ਇੱਕ ਮਿਸਾਲੀ ਪ੍ਰਕਾਰ ਦੇ ਮੋਹਰੀ ਹਨ। ਵੱਡੀ ਗਿਣਤੀ 'ਚ ਨਵੀਆਂ ਤਕਨਾਲੋਜੀਆਂ ਦੀ ਸ਼ੁਰੂਆਤ ਕਰਕੇ, ਉਨ੍ਹਾਂ ਨੇ ਇਸ ਉਦਯੋਗ ਨੂੰ ਵਧੇਰੇ ਉਤਪਾਦਕ ਅਤੇ ਵਾਤਾਵਰਣਿਕ ਤੌਰ 'ਤੇ ਟਿਕਾਊ ਬਣਾਉਂਦਿਆਂ ਨਵੇਲੇ ਰੂਪ 'ਚ ਬਦਲ ਦਿੱਤਾ ਹੈ। ਉਨ੍ਹਾਂ ਨੇ ਰਾਸ਼ਟਰ ਲਈ ਇੱਕ ਸ਼ਕਤੀਸ਼ਾਲੀ ਆਰਥਿਕ ਚਲਨ ਉਸਾਰਿਆ, ਹੁਨਰਮੰਦ ਵਰਕਫੋਰਸ ਦਾ ਗਠਨ ਕੀਤਾ ਅਤੇ ਇੰਡਿਜਨਸ ਲੋਕਾਂ ਲਈ ਮੌਕੇ ਪੈਦਾ ਕੀਤੇ।
- ਪ੍ਰਿਡਿਸ ਦੇ **ਮੈਕਸ ਫੋਰਾਨ** ਇੱਕ ਮਸ਼ਹੂਰ ਅਧਿਆਪਕ, ਪ੍ਰੋਫੈਸਰ, ਲੇਖਕ, ਇਤਿਹਾਸਕਾਰ, ਮੀਡੀਆ ਸ਼ਖਸੀਅਤ,

ਜਨਤਕ ਸਪੀਕਰ ਅਤੇ ਜੰਗਲੀ ਜੀਵ-ਜੰਤੂਆਂ ਲਈ ਐਕਟਿਵਿਸਟ ਹਨ ਜਿਨ੍ਹਾਂ ਨੇ ਆਪਣੀ ਅਸਲ ਸੋਚ, ਡੂੰਘੀ ਖੋਜ ਅਤੇ ਗਤੀਸ਼ੀਲ ਪਹੁੰਚ ਨਾਲ ਵਿਦਿਆਰਥੀਆਂ, ਇਤਿਹਾਸਕਾਰਾਂ ਅਤੇ ਆਮ ਐਲਬਰਟਾ ਨਿਵਾਸੀਆਂ ਦੀਆਂ ਪੀੜ੍ਹੀਆਂ ਨੂੰ ਪ੍ਰਭਾਵਿਤ ਕੀਤਾ ਹੈ। ਉਹ ਕੈਲਗਰੀ, ਐਲਬਰਟਾ ਅਤੇ ਪੱਛਮੀ ਕੈਨੇਡਾ ਦੇ ਇਤਿਹਾਸ ਨੂੰ ਐਲਬਰਟਾ ਨਿਵਾਸੀਆਂ ਦੀਆਂ ਪੀੜ੍ਹੀਆਂ ਵਾਸਤੇ ਜੀਵੰਤ ਬਣਾਉਣ ਲਈ ਗਲੈੱਨਬੋ ਮਿਊਜ਼ੀਅਮ ਦੇ ਪੁਰਾਲੇਖਾਂ ਦੀ ਖੁਦਾਈ ਕਰਨ ਵਾਲੇ ਪਹਿਲੇ ਵਿਅਕਤੀਆਂ ਵਿੱਚੋਂ ਇਕ ਸਨ।

- ਬਰੈਗ ਕਰੀਕ ਦੇ **ਰਾਈਟ ਆਨਰੇਬਲ ਸਟੀਫਨ ਜੇ. ਹਾਰਪਰ** ਇੱਕ ਅਰਥਸ਼ਾਸਤਰੀ, ਸਿਆਸਤਦਾਨ, ਲੇਖਕ ਅਤੇ ਕੈਨੇਡਾ ਦੇ 22ਵੇਂ ਪ੍ਰਧਾਨ ਮੰਤਰੀ (2006-2015) ਹਨ। ਉਨ੍ਹਾਂ ਨੇ ਪਹਿਲਾਂ ਤੋਂ ਵੰਡੇ ਹੋਏ ਸੱਜੇ-ਪੱਖੀਆਂ ਨੂੰ ਆਧੁਨਿਕ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਵਿਚ ਇੱਕਜੁੱਟ ਕਰਕੇ ਕੈਨੇਡਾ ਦੇ ਸਿਆਸੀ ਦ੍ਰਿਸ਼ ਨੂੰ ਬਦਲ ਦਿੱਤਾ। ਉਨ੍ਹਾਂ ਨੇ ਉਪਰੋਥਲੀ ਤਿੰਨ ਰਾਸ਼ਟਰੀ ਚੋਣਾਂ ਜਿੱਤੀਆਂ ਅਤੇ ਇੱਕ ਦਹਾਕੇ ਦੀਆਂ ਗੁੰਝਲਦਾਰ ਜੀਓਪੁਲੀਟੀਕਲ, ਆਰਥਿਕ ਅਤੇ ਸੁਰੱਖਿਆ ਚੁਣੌਤੀਆਂ ਵਿਚਦੀ ਕੈਨੇਡਾ ਦੀ ਅਗਵਾਈ ਕੀਤੀ ਅਤੇ ਲਗਾਤਾਰ ਲੋਕਤੰਤਰ ਨੂੰ ਪ੍ਰਭਾਵਤ ਕਰਨਾਂ ਜਾਰੀ ਰੱਖਿਆ।
- ਕੈਲਗਰੀ ਦੇ **ਜੋਅ ਲੂਕਾਕਸ** ਇੱਕ ਇੰਜੀਨੀਅਰ, ਐਂਟਰਪ੍ਰਨਿਓਰ ਅਤੇ ਮੈਂਟਰ ਹਨ ਜਿਨ੍ਹਾਂ ਨੇ ਐਲਬਰਟਾ ਲਈ ਸਾਫ਼-ਸੁਥਰੀ ਹਵਾ ਪ੍ਰਾਪਤੀ ਲਈ ਨਵੀਆਂ ਤਕਨਾਲੋਜੀਆਂ ਅਤੇ ਅਮਲਾਂ ਦੀ ਸ਼ੁਰੂਆਤ ਕੀਤੀ, ਜਿਸ ਦੇ ਫਾਇਦੇ ਦੁਨੀਆਂ ਭਰ ਵਿਚ ਫੈਲੇ ਹਨ। ਉਨ੍ਹਾਂ ਨੇ ਸਿੱਧੇ ਅਤੇ ਅਸਿੱਧੇ ਤੌਰ 'ਤੇ ਐਲਬਰਟਾ ਦੇ ਉਦਯੋਗਾਂ ਦੀ ਕੁਸ਼ਲਤਾ ਅਤੇ ਵਿਸ਼ਵ ਵਾਤਾਵਰਣ ਦੀ ਹਾਲਤ ਵਿੱਚ ਸੁਧਾਰ ਲਿਆਂਦਾ। ਅੱਜ ਉਹ ਵਾਤਾਵਰਨ ਖੇਤਰ ਦੇ ਐਂਟਰਪ੍ਰਨਿਓਰਾਂ ਦੇ ਮੈਂਟਰ ਹਨ ਅਤੇ 500 ਤੋਂ ਵੱਧ ਐਲਬਰਟਾ ਇਨੋਵੇਟਰਾਂ ਨੂੰ ਆਪਣੀਆਂ ਸਾਫ਼-ਸੁਥਰੀਆਂ ਤਕਨਾਲੋਜੀਆਂ ਦਾ ਵਪਾਰੀਕਰਨ ਕਰਨ ਵਿੱਚ ਮਦਦ ਕਰਦੇ ਹਨ।
- ਕੋਲਡ ਲੇਕ ਦੇ **ਔਡਰੇ ਮੈਕਫਾਰਲੇਨ** ਨੇ ਫੀਟਲ ਅਲਕੋਹਲ ਸਪੈਕਟ੍ਰਮ ਡਿਸਆਰਡਰ (ਢਅਸ਼ਧ) ਦੇ ਖ਼ਤਰਿਆਂ ਨੂੰ ਸਾਹਮਣੇ ਲਿਆਂਦਾ ਜਦੋਂ ਕਿ ਇਹ ਅਜੇ ਵੀ ਇੱਕ ਗੁਪਤ ਡਿਸੇਬਿਲਿਟੀ ਸੀ। ਉਨ੍ਹਾਂ ਨੇ ਢਅਸ਼ਧ ਨਾਲ ਜੁੜੀਆਂ ਸਮੱਸਿਆਵਾਂ ਨਾਲ ਨਿਪਟਣ ਵਿੱਚ ਅਣਗਿਣਤ ਪਰਿਵਾਰਾਂ ਦੀ ਮਦਦ ਕੀਤੀ ਹੈ ਜਦੋਂ ਕਿ ਉਨ੍ਹਾਂ ਨੇ ਪ੍ਰਭਾਵਸ਼ਾਲੀ ਢੰਗ ਨਾਲ ਢਅਸ਼ਧ ਦੀ ਵਕਾਲਤ, ਜਾਗਰੂਕਤਾ, ਰੋਕਥਾਮ, ਡਾਇਗਨੋਸਿਸ, ਇਲਾਜ ਅਤੇ ਖੋਜ ਨੂੰ ਆਪਣੀ ਲੋਕਲ ਕਮਿਊਨਿਟੀ ਤੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰਾਂ ਤੱਕ ਪਹੁੰਚਾਇਆ ਹੈ।
- ਕੈਲਗਰੀ ਦੀ **ਆਨਰੇਬਲ ਕਲਾਉਡੇਟ ਟਾਰਡਿਫ** ਕੈਨੇਡਾ ਦੇ ਬਾਈਲੰਿਗੁਅਲਿਜ਼ਮ ਅਤੇ ਘੱਟ ਗਿਣਤੀ ਭਾਸ਼ਾਈ ਅਧਿਕਾਰਾਂ ਦੇ ਪ੍ਰਮੁੱਖ ਵਕਾਲਤਕਰਤਿਆਂ ਅਤੇ ਰੱਖਿਆਕਰਤਾਵਾਂ ਵਿੱਚੋਂ ਇੱਕ ਹਨ। ਯੂਨੀਵਰਸਿਟੀ ਆਫ ਐਲਬਰਟਾ ਦੇ ਢਓਚੁਲਟਏ ਸ਼ਓਨਿਟ-ਝਏਓਨ ਦੇ ਡੀਨ ਵਜੋਂ, ਉਹ ਕੈਨੇਡਾ ਅਤੇ ਪੱਛਮੀ ਕੈਨੇਡਾ ਵਿੱਚ ਦੋਭਾਸ਼ੀ ਅਕਾਦਮਿਕ ਪ੍ਰੋਗਰਾਮਾਂ ਨੂੰ ਲਾਗੂ ਕਰਨ ਵਾਲੀ ਪਹਿਲੇ ਸਨ। ਕੈਨੇਡਾ ਦੇ ਇਕ ਸੈਨੇਟਰ ਵਜੋਂ ਉਨ੍ਹਾਂ ਨੇ ਸੁਪਰੀਮ ਕੋਰਟ ਦੇ ਜੱਜਾਂ ਦੇ ਬਾਈਲੰਿਗੁਅਲਿਜ਼ਮ ਦੇ ਸਬੰਧ ਵਿੱਚ ਬਿੱਲ ਛ-232 ਪੇਸ਼ ਕੀਤਾ ਅਤੇ ਆਫੀਸ਼ਿਅਲ

Classification: Public

ਲੈਂਗੁਏਜਜ਼ ਐਕਟ ਦੇ ਆਧੁਨਿਕੀਕਰਨ 'ਤੇ ਇੱਕ ਵੱਡਾ ਅਧਿਐਨ ਸਥਾਪਤ ਕੀਤਾ।

- ਕੈਲਗਰੀ ਦੀ **ਸਟੈਲਾ ਥਾਂਪਸਨ** ਇੱਕ ਅਰਥ ਸ਼ਾਸਤਰੀ, ਔਰਤਾਂ ਲਈ ਵਕਾਲਤ ਕਰਨ ਵਾਲੇ ਅਤੇ ਐਲਬਰਟਾ ਦੇ ਊਰਜਾ ਉਦਯੋਗ ਦੇ ਇਕ ਸੱਚੇ ਅਗਵਾਈਕਾਰ ਹਨ। ਉਹ ਇੱਕ ਵੱਡੀ ਊਰਜਾ ਕੰਪਨੀ ਵਿੱਚ ਕਾਰਜਸਾਧਕ ਬਣਨ ਵਾਲੀਆਂ ਪਹਿਲੀਆਂ ਔਰਤਾਂ ਵਿੱਚੋਂ ਇੱਕ ਸਨ। ਉਹ ਕੈਨੇਡਾ ਦੇ ਪ੍ਰਸ਼ਾਸਕੀ ਅਮਲਾਂ ਅਤੇ ਡਾਇਵਰਸਿਟੀ, ਸੰਮਿਲਨ, ਵਾਤਾਵਰਣਿਕ, ਸਮਾਜਿਕ ਅਤੇ ਪ੍ਰਸ਼ਾਸਕੀ ਮਾਪਦੰਡਾਂ ਨਾਲ ਸਬੰਧਤ ਮੁੱਦਿਆਂ ਬਾਰੇ ਬੋਰਡਰੂਮ ਟੇਬਲਾਂ ਉੱਪਰ ਇਹਨਾਂ ਸ਼ਬਦਾਂ ਦੇ ਬੋਲੇ ਜਾਣ ਤੋਂ ਬਹੁਤ ਪਹਿਲਾਂ ਇੰਨ੍ਹਾਂ ਬਾਰੇ ਗੱਲ ਕਰਨ ਵਾਲੇ ਇੱਕ ਵਿਚਾਰਕ ਨੇਤਾ ਬਣ ਗਏ ਸਨ।
- ਐਡਮੰਟਨ ਦੇ **ਐਂਗਸ ਵਾਟ** ਇੱਕ ਸਤਿਕਾਰਤ ਬਿਜ਼ਨਸ ਲੀਡਰ, ਵਲੰਟੀਅਰ ਅਤੇ ਫਿਲਾਂਥਰੋਪਿਸਟ ਹਨ ਜੋ ਸਿਹਤ, ਸਮਾਜਿਕ, ਸਿੱਖਿਆ, ਸੱਭਿਆਚਾਰਕ ਅਤੇ ਮਿਲਟਰੀ ਗਰੁੱਪ, ਜਿਹੜੇ ਮੂਲਕ ਕਮਿਊਨਿਟੀ ਪ੍ਰੋਗਰਾਮਿੰਗ ਅਤੇ ਸੇਵਾਵਾਂ ਪ੍ਰਦਾਨ ਕਰਦੇ ਹਨ, ਦੀ ਸਥਿਰਤਾ ਨੂੰ ਯਕੀਨੀ ਬਣਾਉਣ ਦੁਆਰਾ ਐਲਬਰਟਾ ਨੂੰ ਵਧੇਰੇ ਸੰਭਾਲਕਰਤਾ ਅਤੇ ਸਫਲ ਬਣਾਉਣ ਲਈ ਕੰਮ ਕਰਦੇ  ਹਨ। ਉਨ੍ਹਾਂ ਨੇ ਬਹੁਤ ਸਾਰੀਆਂ ਸਥਾਪਤ ਚੈਰੀਟੇਬਲ ਫਾਊਂਡੇਸ਼ਨਾਂ ਦੀ ਮਦਦ ਕੀਤੀ ਹੈ, ਜਿਸ ਨਾਲ ਉਨ੍ਹਾਂ ਦੇ ਭਰੋਸੇਯੋਗ ਫੰਡਿੰਗ ਸਰੋਤ ਪੈਦਾ ਹੋਏ ਅਤੇ ਮਜ਼ਬੂਤ ਕਮਿਊਨਿਟੀ ਸੰਸਥਾਵਾਂ ਮਜ਼ਬੂਤ ਬਣੀਆਂ।

## ਸੰਬੰਧਿਤ ਜਾਣਕਾਰੀ

- ਐਲਬਰਟਾ ਆਰਡਰ ਆਫ ਐਕਸਿਲੈਂਸ

## ਮੀਡੀਆ ਇੰਕੁਆਰੀਆਂ


### Erinne Ng

780-919-5505
ਕਮਿਊਨੀਕੇਸ਼ਨ ਅਫਸਰ, ਆਫਿਸ ਆਫ ਦਿ ਲੈਫਟੀਨੈਂਟ ਗਵਰਨਰ

### Gary Mar

587-897-3311
ਚੇਅਰ, ਐਲਬਰਟਾ ਆਰਡਰ ਆਫ ਐਕਸਿਲੈਂਸ ਕੌਂਸਲ

**Gayle Stannard**

780-953-4020
ਐਗਜ਼ੈਕੁਟਿਵ ਡਾਇਰੈਕਟਰ, ਐਲਬਰਟਾ ਆਰਡਰ ਆਫ ਐਕਸਿਲੈਂਸ

This release is distributed by the Government of Alberta on behalf of the Lieutenant Governor.
http://www.lieutenantgovernor.ab.ca/